# FIRST INFORMATION REPORT

(Under Section 173 B.N.S.S)
ਪਹਿਲੀ ਸੂਚਨਾ ਰਿਪੋਰਟ
(ਧਾਰਾ 173 ਬੀ.ਐਨ.ਐਸ.ਐਸ)

District (ਜ਼ਿਲ੍ਹਾ): POLICE COMMISSIONERATE JALANDHAR    P.S. (ਥਾਣਾ): PS NRI    Year (ਸਾਲ): 2024

FIR No. (ਐਫ. ਆਈ.ਆਰ ਸੰ): 0050    Date and Time of FIR (ਐਫ.ਆਈ.ਆਰ ਦੀ ਤਰੀਕ ਅਤੇ ਸਮਾਂ): 30/11/2024 14:35 hrs

2.

| S.No.(ਲੜੀ ਨੰ.) | Acts (ਕਾਨੂੰਨ ) | Sections (ਧਾਰਾਵਾਂ) |
|---|---|---|
| 1 | IPC 1860 | 376 |
| 2 | IPC 1860 | 406 |
| 3 | IPC 1860 | 420 |

3. (a) Occurrence of offence (ਅਪਰਾਧ ਦੀ ਘਟਨਾ):

1. Day(ਦਿਨ): Intervening Day    Date From (ਤਰੀਕ ਤੋਂ): 01/01/2007    Date To (ਤਰੀਕ ਤਕ): 14/10/2024

   Time Period (ਸਮਾਂ ਮਿਆਦ):    Time From (ਸਮੇ ਤੋਂ): 10:00 hrs    Time To (ਸਮੇ ਤਕ): 12:00 hrs

(b) Information received at P.S.(ਥਾਣੇ ਵਿਚ ਸੂਚਨਾ ਪ੍ਰਾਪਤ ਹੋਣ ਦੀ ਮਿਤੀ ਅਤੇ ਸਮਾਂ):    Date (ਮਿਤੀ): 30/11/2024    Time (ਸਮਾਂ): 12:11 hrs

(c) General Diary Reference (ਰੋਜ਼ਨਾਮਚਾ ਸੰਦਰਭ) :    Entry No. (ਪ੍ਰਵਿਸ਼ਟੀ ਸੰ): 008    Date & Time (ਤਰੀਕ ਅਤੇ ਸਮਾ) : 30/11/2024 13:36 hrs

4. Type of Information (ਜਾਣਕਾਰੀ ਦੀ ਕਿਸਮ): Written

5. Place of Occurrence (ਘਟਨਾ ਸਥਾਨ ):

1. (a) Direction and distance from P.S. (ਥਾਣੇ ਤੋਂ ਦੂਰੀ ਅਤੇ ਦਿਸ਼ਾ): EAST, 10 Km(s)    Beat No. (ਬੀਟ ਸੰ.) :

   (b) Address (ਪਤਾ): Jalandhar

   (c) In case, outside the limit of this Police Station, then (ਜੇਕਰ ਥਾਣਾ ਸੀਮਾ ਤੋਂ ਬਾਹਰ ਹੈ ਤਾਂ)

   Name of P.S (ਥਾਣੇ ਦਾ ਨਾਮ):    District(State) (ਜ਼ਿਲ੍ਹਾ ( ਰਾਜ ) ):

6. Complainant / Informant (ਸ਼ਿਕਾਇਤਕਰਤਾ /ਸੂਚਨਾਕਰਤਾ):

(a) Name (ਨਾਮ): Pretty Rai

(b) Father's Name (ਪਿਤਾ ਦਾ ਨਾਮ) : Tarlochan Singh

(c) Date/Year of Birth (ਜਨਮ ਤਰੀਕ/ਸਾਲ): 1979

(e) UID No(ਯੂਆਈਡੀ ਨੰ. ):

(d) Nationality(ਰਾਸ਼ਟਰੀਅਤਾ): CANADA

(f) Passport No. (ਪਾਸਪੋਰਟ ਨੰ.):

Date of Issue (ਜਾਰੀ ਕਰਨ ਦੀ ਮਿਤੀ):

Place of Issue (ਜਾਰੀ ਕਰਨ ਦਾ ਸਥਾਨ ):

(g) Id details (Ration Card,Voter ID Card,Passport,UID No.,

| S.No. (ਲੜੀ ਨੰ:) | Id Type (ਪਛਾਣ ਪੱਤਰ ਦੀ ਕਿਸਮ ) | Id Number (ਪਛਾਣ ਨੰਬਰ) |
|---|---|---|
| 1 | | |

(h) Address (ਪਤਾ):

| S.No. (ਲੜੀ ਨੰ.) | Address Type (ਪਤੇ ਦੀ ਕਿਸਮ) | Address (ਪਤਾ) |
|---|---|---|
| 1 | Present Address | H. No. 02,Rajan Nagar,Basti Peer Daad,BASTI BAWA KHEL, POLICE COMMISSIONERATE JALANDHAR,PUNJAB,INDIA |
| 2 | Permanent Address | H. No. 02,Rajan Nagar,Basti Peer Daad,BASTI BAWA KHEL, POLICE COMMISSIONERATE JALANDHAR,PUNJAB,INDIA |

(i) Occupation (ਕਿੱਤਾ ):

(j) Phone number (ਟੈਲੀਫ਼ੋਨ ਨ):

Mobile (ਮੋਬਾਈਲ ਨੰ.): 1-6046003621

7. Details of known/suspected/unknown accused with full particulars (ਵਾਕਿਫ਼/ਸ਼ੱਕੀ/ਅਗਿਆਤ ਮੁਲਜ਼ਮ ਦਾ ਪੂਰੇ ਵੇਰਵੇ ਸਹਿਤ ਵਰਣਨ ):

Accused More Than(ਇੱਕ ਤੋ ਵੱਧ ਅਪਰਾਧੀ ਦੀ ਗਿਣਤੀ):

| S.No. | Name (ਨਾਮ) | Alias (ਉਪਨਾਮ) | Relative's | Permanent | Present Address (ਮੌਜੂਦਾ ਪਤਾ) |
|---|---|---|---|---|---|
| 1 | Jujhar Singh Rai | Rai Jujhar | Father's Name : Mohan Singh Rai | Village ,Kala bakra, BHOGPUR,JALANDHAR RURAL,PUNJAB,INDIA | 1. Village ,Kala bakra, BHOGPUR,JALANDHAR RURAL,PUNJAB,INDIA |

8. Reasons for delay in reporting by the complainant/informant (ਸ਼ਿਕਾਇਤਕਰਤਾ/ਸੂਚਨਾਕਰਤਾ ਦੁਆਰਾ ਰਿਪੋਰਟ ਕਰਨ ਵਿੱਚ ਦੇਰੀ ਦੇ ਕਾਰਨ):

9. Particulars of properties of interest (ਸਬੰਧਿਤ ਜਾਇਦਾਦ ਦਾ ਵੇਰਵਾ):

| S.No. (ਲੜੀ ਨੰ) | Property Category (ਸੰਪੱਤੀ ਸ਼੍ਰੇਣੀ) | Property Type (ਸੰਪਤੀ ਦੀ ਕਿਸਮ) | Nature of Property (ਜਾਇਦਾਦ ਦੀ ਪ੍ਰਕਿਰਤੀ) | Description (ਵਰਣਨ) | Value(In Rs/-) (ਮੁੱਲ (ਰੁ ਵਿੱਚ)) |
|---|---|---|---|---|---|

10. Total value of property (In Rs/-)-ਜਾਇਦਾਦ ਦਾ ਕੁਲ ਮੁੱਲ (ਰੁ ਵਿੱਚ):

11. Inquest Report / U.D. case No., if any (ਮੌਤ ਸਮੀਖਿਆ ਰਿਪੋਰਟ / ਯੂ°° ਪ੍ਰਕਰਣ ਸੰ., ਜੇਕਰ ਕੋਈ ਹੋ ):

| S.No. (ਲੜੀ ਨੰ) | UIDB Number (ਯੂ ਆਈ ਡੀ ਬੀ ਪ੍ਰਕਰਣ ਸੰ.) |
|---|---|

12 First Information contents (ਵੇਰਵਾ):

ਬਾਹਵਾਲਾ ਦਰਖਾਸਤ ਯੂ.ਆਈ.ਡੀ ਨੰਬਰ 2409777 ਮਿਤੀ 23.10.2024 ਪ੍ਰਿਟੀ ਰਾਏ ਪੁੱਤਰੀ ਤ੍ਰਿਲੋਚਨ ਸਿੰਘ ਵਾਸੀ ਮਕਾਨ ਨੰਬਰ 02, ਰਾਜਨ ਨਗਰ, ਬਸਤੀ ਪੀਰ ਦਾਸ ਜਲੰਧਰ ਹਾਲ ਵਾਸੀ Surrey BC, 14616 58, Avenue, V3W 2Z6, Canada ਨੇ ਦਿੱਤੀ ਸੀ। ਜਿਸਦਾ ਮਜਬੂਨ ਜੈਲ ਹੈ: "ਸੇਵਾ ਵਿਖੇ ਮਾਨਯੋਗ ਏ.ਡੀ.ਜੀ.ਪੀ.ਸਹਿਬ. ਐਨ.ਆਰ.ਆਈ. ਵਿੰਗ ਪੰਜਾਬ। ਵਿਆਹ ਦਾ ਝਾਂਸਾ ਦੇ ਕੇ ਸੈਕਸੂਅਲ ਹਰਾਸਮੈਂਟ ਕਰਨ, ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਨ ਅਤੇ ਬਿਜਨਸ ਅਤੇ ਪ੍ਰੋਪਰਟੀ ਖਰੀਦਣ ਦਾ ਝਾਂਸਾ ਦੇ ਕੇ ਕਰੋੜਾਂ ਰੁਪਏ ਦੀ ਠੱਗੀ ਮਾਰਨ ਸਬੰਧੀ। ਵਿਰੁੱਧ :- ਰਾਏ ਜੁਝਾਰ ਪੁੱਤਰ ਮੋਹਨ ਸਿੰਘ ਵਾਸੀ ਰਾਜਾ ਗਾਰਡਨ ਕਲੋਨੀ ਜਲੰਧਰ (98140-43806) ਵਿਸ਼ਾ:- ਸ੍ਰੀਮਾਨ ਜੀ, ਬੇਨਤੀ ਹੈ ਕਿ ਮੈਂ ਪ੍ਰਿਟੀ ਰਾਏ ਕੈਨੇਡਾ ਦੀ ਸਿਟੀਜਨ ਹਾਂ ਅਤੇ ਕੈਨੇਡਾ ਵਿੱਚ ਸਰੀ ਸ਼ਹਿਰ ਵਿੱਚ ਰਹਿ ਰਹੀ ਹਾਂ। ਮੇਰੇ ਪਰਿਵਾਰ ਦਾ ਸਰੀ ਵਿੱਚ ਬਿਜ਼ਨੈਸ ਹੈ ਅਤੇ ਮੈਂ ਸਰੀ ਸ਼ਹਿਰ ਦੇ ਬਹੁਤ ਵਧੀਆਂ ਅਤੇ ਅਮੀਰ ਪਰਿਵਾਰ ਨਾਲ ਸਬੰਧ ਰੱਖਦੀ ਹਾਂ। ਮੇਰੀ ਮੁਲਾਕਾਤ ਜਲੰਧਰ ਸ਼ਹਿਰ ਵਿੱਚ ਰਹਿਣ ਵਾਲੇ ਪੰਜਾਬੀ ਸਿੰਗਰ ਜੁਝਾਰ ਸਿੰਘ ਉਰਫ ਰਾਏ ਜੁਝਾਰ ਪੁੱਤਰ ਮੋਹਨ ਸਿੰਘ ਵਾਸੀ ਰਾਜਾ ਗਾਰਡਨ ਕਲੋਨੀ ਜਲੰਧਰ (ਮੋਬਾਇਲ ਨੰਬਰ 98140-43806) ਨਾਲ ਸਾਲ 2006 ਵਿੱਚ ਕੈਨੇਡਾ ਵਿੱਚ ਹੋਈ ਸੀ। ਜਿਸ ਨੇ ਮੈਨੂੰ ਮੇਰੇ ਪਰਿਵਾਰ ਬਾਰੇ ਪੁੱਛਿਆ ਤਾਂ ਮੈਂ ਆਪਣੇ ਪਰਿਵਾਰ ਬਾਰੇ ਦੱਸਿਆ, ਜਿਸ ਤੇ ਰਾਏ ਜੁਝਾਰ ਦੇ ਮਨ ਵਿੱਚ ਲਾਲਚ ਆ ਗਿਆ। ਰਾਏ ਜੁਝਾਰ ਨੇ ਮੈਨੂੰ ਆਪਣਾ ਮੋਬਾਇਲ ਨੰਬਰ ਦਿੱਤਾ ਅਤੇ ਮੇਰਾ ਮੋਬਾਇਲ ਨੰਬਰ ਲੈ ਲਿਆ। ਜਿੱਥੇ ਸਾਡੀ ਆਪਸ ਵਿੱਚ ਜਾਣ ਪਛਾਣ ਹੋ ਗਈ, ਰਾਏ ਜੁਝਾਰ ਨੇ ਮੈਨੂੰ ਉਸੇ ਦਿਨ ਫੋਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਮੈਨੂੰ ਆਪਣੇ ਪਿਆਰ ਦੇ ਜਾਲ ਵਿੱਚ ਫਸਾ ਲਿਆ। ਫਿਰ ਮੈਨੂੰ ਉਸਨੇ ਕੈਨੇਡਾ ਵਿੱਚ ਹੀ ਮਿਲਣ ਲਈ ਕਿਹਾ ਅਤੇ ਮੈਂ ਉਸਦੀਆਂ ਗੱਲਾਂ ਵਿੱਚ ਆ ਗਈ। ਮੈਂ ਉਸਨੂੰ ਕੈਨੇਡਾ ਵਿੱਚ ਮਿਲੀ, ਜਿੱਥੇ ਸਾਡੇ ਵਿੱਚ ਕਿਸ ਵਗੈਰਾ ਹੋਈਆਂ ਪਰੰਤੂ ਕੋਈ ਸਬੰਧ ਨਹੀਂ ਬਣੇ ਕਿਉਂਕਿ ਰਾਏ ਜੁਝਾਰ ਨੇ ਜਦੋਂ ਮੈਨੂੰ ਇਸ ਲਈ ਕਿਹਾ ਸੀ ਤਾਂ ਮੈਂ ਉਸਨੂੰ ਕਿਹਾ ਸੀ ਕਿ ਮੈਂ ਵਿਆਹ ਤੋਂ ਪਹਿਲਾ ਇਹ ਸਭ ਕਰਕੇ ਆਪਣੇ ਪਰਿਵਾਰ ਦਾ ਸਿਰ ਨੀਵਾਂ ਨਹੀਂ ਕਰਨਾ ਚਾਹੁੰਦੀ। ਮੈਨੂੰ ਰਾਏ ਜੁਝਾਰ ਨੇ ਦੱਸਿਆ ਸੀ ਕਿ, "ਮੈਂ ਕੁਆਰਾ ਹਾਂ"। ਇਸ ਤੋਂ ਬਾਅਦ ਰਾਏ ਜੁਝਾਰ ਵਾਪਸ ਭਾਰਤ ਆ ਗਿਆ। ਭਾਰਤ ਆ ਕੇ ਰਾਏ ਜੁਝਾਰ ਨੇ ਮੈਨੂੰ ਫੋਨ ਕਰਕੇ ਇਮੋਸ਼ਨਲੀ ਬਲੈਕ ਮੇਲ ਕਰਨਾ ਸ਼ੁਰੂ ਕਰ ਦਿੱਤਾ। ਰੋਣਾ ਸ਼ੁਰੂ ਕਰ ਦਿੱਤਾ ਕਿ ਮੇਰਾ ਦਿਲ ਨਹੀਂ ਲੱਗਦਾ। ਜਿਸ ਤੇ ਮੈਂ 10 ਦਿਨ ਬਾਅਦ ਹੀ ਭਾਰਤ ਆ ਗਈ। ਭਾਰਤ ਆ ਕੇ ਮੈਂ ਆਪਣੇ ਤਾਇਆ ਜੀ ਪਾਸ ਪਿੰਡ ਗਲਬਾੜੀ, ਜਿਲ੍ਹਾ ਖੰਨਾ ਵਿਖੇ ਰਹਿਣ ਲੱਗ ਪਈ, ਜਿੱਥੋਂ ਮੈਂ ਚੋਰੀ ਰਾਏ ਜੁਝਾਰ ਨੂੰ ਮਿਲਣ ਆਉਂਦੀ ਰਹੀ। ਫਿਰ ਰਾਏ ਜੁਝਾਰ ਨੇ ਮੈਨੂੰ ਇੱਕ ਕੁੜੀ ਨਾਲ ਮਿਲਾਇਆਂ ਕਿ ਉਹ ਉਸਦੀ ਭੂਆ ਦੀ ਕੁੜੀ ਅਤੇ ਕੁੱਝ ਹੋਰ ਲੋਕਾ ਨਾਲ ਆਪਣੇ ਰਿਸ਼ਤੇਦਾਰਾ ਵਜੋਂ ਮਿਲਾਇਆ, ਜਿਸ ਤੇ ਮੇਰਾ ਵਿਸ਼ਵਾਸ਼ ਰਾਏ ਜੁਝਾਰ ਤੇ ਹੋਰ ਪੱਕਾ ਹੋ ਗਿਆ। ਫਿਰ ਮੈਂ ਆਪਣੇ ਪਰਿਵਾਰ ਨੂੰ ਰਾਏ ਜੁਝਾਰ ਬਾਰੇ ਦੱਸਿਆ, ਜਿਨ੍ਹਾ ਨੇ ਮੇਰੇ ਅਤੇ ਰਾਏ ਜੁਝਾਰ ਦੇ ਰਿਸ਼ਤੇ ਨੂੰ ਨਾ-ਮੰਨਜੂਰ ਕਰ ਦਿੱਤਾ। ਮੈਂ ਕੈਨੇਡਾ ਵਾਪਸ ਗਈ ਅਤੇ ਆਪਣੇ ਪਰਿਵਾਰ ਨਾਲ ਗੱਲ ਕੀਤੀ। ਜੋ ਨਹੀ ਮੰਨੇ। ਫਿਰ ਰਾਏ ਜੁਝਾਰ ਨੇ ਮੈਨੂੰ ਫਿਰ ਤੋਂ ਆਪਣੀਆ ਗੱਲਾ ਵਿੱਚ ਫਸਾ ਕੇ ਮੈਨੂੰ ਸਾਲ 2007 ਵਿੱਚ ਭਾਰਤ ਬੁਲਾ ਲਿਆ ਅਤੇ ਕਿਹਾ ਅਸੀ ਘਰਦਿਆ ਨੂੰ ਦੱਸੇ ਬਿਨਾ ਵਿਆਹ ਕਰਵਾ ਲੈਣਾ ਹੈ ਅਤੇ ਵਿਆਹ ਤੋਂ ਬਾਦ ਘਰਦੇ ਆਪ ਹੀ ਮੰਨ ਜਾਣਗੇ। ਮੈਂ ਫਿਰ ਉਸਦੀਆਂ ਗੱਲਾ ਵਿੱਚ ਆ ਗਈ। ਭਾਰਤ ਮੇਰੇ ਤਾਇਆ ਜੀ ਰਹਿੰਦੇ ਸੀ, ਜਿਨ੍ਹਾ ਦੀ ਹੁਣ ਮੌਤ ਹੋ ਗਈ ਹੈ। ਫਿਰ ਮੈਨੂੰ ਰਾਏ ਜੁਝਾਰ ਨੇ ਕਿਹਾ ਕਿ ਮੈਂ ਸਿੰਗਰ ਹਾਂ ਅਤੇ ਹਜ਼ੇ ਮੈਂ ਲੋਕਾਂ ਵਿੱਚ ਦਿਖਾਵਾ ਕਰਕੇ ਵਿਆਹ ਨਹੀਂ ਕਰ ਸਕਦਾ। ਇਸ ਲਈ ਉਸਨੇ ਸਾਦੇ ਢੰਗ ਨਾਲ ਜਲੰਧਰ ਸ਼ਹਿਰ ਵਿੱਚ ਮੇਰੇ ਨਾਲ ਵਿਆਹ ਕਰਵਾਇਆ ਵਿਆਹ ਵਿੱਚ ਬਹੁਤ ਘੱਟ ਲੋਕ ਸਨ, ਵਿਆਹ ਦੀ ਫੋਟੋਆ ਮੇਰੇ ਪਾਸ ਹਨ। ਵਿਆਹ ਸਮੇਂ ਮੇਰੀਆਂ ਲਾਂਵਾ ਦੀਆ ਫੋਟੋਆ ਇਸਨੇ ਇਹ ਕਹਿ ਕੇ ਪ੍ਰਿੰਟ ਨਹੀਂ ਕਰਵਾ ਕੇ ਦਿੱਤੀਆਂ ਕਿ ਫੋਟੋਆਂ ਖਰਾਬ ਹੋ ਗਈਆਂ ਹਨ। ਫਿਰ ਵਿਆਹ ਤੋਂ 20 ਕੁ ਦਿਨ ਬਾਅਦ ਅਸੀਂ ਕੈਨੇਡਾ ਚਲੇ ਗਏ। ਫਿਰ ਦੋ-ਤਿੰਨ ਮਹੀਨੇ ਬਾਅਦ ਰਾਏ ਜੁਝਾਰ ਵਾਪਸ ਆ ਗਿਆ। ਕੈਨੇਡਾ ਰਹਿੰਦੇ ਸਮੇਂ ਦੌਰਾਨ ਹੀ ਰਾਏ ਜੁਝਾਰ ਰਾਏ ਨੇ ਮੇਰਾ ਤੇ ਮੇਰੀ ਫੈਮਿਲੀ ਦਾ ਕੰਮਕਾਰ ਦੇਖ ਕੇ ਮੈਨੂੰ ਕਿਹਾ ਕਿ ਅਸੀ ਭਾਰਤ ਵਿੱਚ ਵੀ ਬਿਜਨਸ ਕਰ ਸਕਦੇ ਹਾਂ ਅਤੇ ਭਾਰਤ ਵਿੱਚ ਪ੍ਰੋਪਰਟੀ ਵਗੈਰਾ ਖਰੀਦ ਸਕਦੇ ਹਾਂ। ਵਿਦੇਸ਼ ਕੈਨੇਡਾ ਵਿਖੇ ਮੇਰੀ ਮਾਤਾ ਨੇ ਮੈਨੂੰ ਕੈਨੇਡਾ ਵਿਖੇ ਹੀ ਕੋਈ ਕੰਮ ਵਗੈਰਾ ਖੋਲਣ ਲਈ 30 ਲੱਖ ਰੁਪਏ ਦਿੱਤੇ ਸਨ। ਜੋ ਰਾਏ ਜੁਝਾਰ ਨੇ ਮੇਰੇ ਪਾਸੋਂ ਇਹ ਕਹਿ ਕੇ ਲੈ ਲਏ ਕਿ ਅਸੀ ਰਹਿਣਾ ਤਾਂ ਭਾਰਤ ਹੀ ਹੈ ਅਸੀ ਉਸੇ ਕੋਈ ਬਿਜਨਸ ਕਰਾਂਗੇ। ਜੋ ਮੈਂ ਉਸ ਤੇ ਯਕੀਨ ਕਰਕੇ ਇਹਨਾ 30 ਲੱਖ ਰੁਪਏ ਦਾ ਡਰਾਫਟ ਬਣਾ ਕੇ ਰਾਏ ਜੁਝਾਰ ਨੂੰ ਭੇਜ ਦਿੱਤੇ। ਫਿਰ ਸਾਲ 2007 ਵਿੱਚ ਮੇਰੇ ਅਤੇ ਮੇਰੇ ਭੈਣ ਭਰਾਵਾ ਦਾ ਜੋ ਕਨੇਡਾ ਵਿਖੇ ਆਪਣਾ ਸਾਝਾ ਘਰ ਸੀ ਅਸੀ ਵੇਚ ਦਿੱਤਾ ਸੀ।ਜਿਸ ਤੋ ਮੈਨੂੰ ਕਰੀਬ 25000 ਕਨੇਡੀਅਨ ਡਾਲਰ (ਕਰੀਬ 14 ਲੱਖ ਰੁਪਏ) ਮਿਲਿਆ ਸੀ।ਜਿਸ ਦਾ ਮੈ ਡਰਾਫਟ ਕੇ ਭਾਰਤ ਭੇਜ ਦਿੱਤਾ ਸੀ ਕਿਉਂਕਿ ਜੁਝਾਰ ਨੇ ਮੈਨੂੰ ਕਿਹਾ ਸੀ ਕਿ ਉਸਨੇ ਸਾਡੇ ਦੋਨਾ ਵਾਸਤੇ ਇੱਕ ਘਰ ਖਰੀਦ ਕਰਨਾ ਹੈ ਇਸ ਲਈ ਉਸਨੂੰ ਪੈਸਿਆ ਦੀ ਜਰੂਰਤ ਹੈ ਫਿਰ ਮੈਂ ਭਾਰਤ ਆ ਗਈ। ਮੈਂ ਅਤੇ ਰਾਏ ਜੁਝਾਰ ਨੇ ਆਤਾਮਾ ਸਿੰਘ ਅਰਬਨ ਅਸਟੇਟ, ਕਪੂਰਥਲਾ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਕਿਹਾ ਕਿ ਇਹ ਕੋਠੀ ਉਸਨੇ ਆਪਣੀ ਖਰੀਦ ਕੀਤੀ ਹੈ। ਮੈ ਸਾਲ 2007 ਤੋ

2013 ਤੱਕ ਭਾਰਤ ਵਿੱਚ ਹੀ ਰਹੀ, ਕੁਝ ਕੁ ਦਿਨਾਂ ਲਈ ਹੀ ਵਾਪਿਸ ਕਨੇਡਾ ਜਾਂਦੀ ਸੀ। ਇਸ ਸਮੇਂ ਦੌਰਾਨ ਜਦੋਂ ਵੀ ਮੇਰੀ ਮਾਤਾ ਬਲਬੀਰ ਕੌਰ ਢਿੱਲੋਂ ਭਾਰਤ ਆਉਂਦੇ ਸੀ ਤਾਂ ਉਹ ਮੈਨੂੰ 10-15 ਲੱਖ ਰੁਪਏ ਦੇ ਕੇ ਜਾਂਦੇ ਸੀ, ਮੇਰਾ ਕੋਈ ਵੀ ਰਿਸ਼ਤੇਦਾਰ ਭਾਰਤ ਆਉਂਦਾ ਤਾਂ ਉਹ ਸੋਨਾ ਜਾਂ ਪੈਸੇ ਦੇ ਕੇ ਜਾਂਦੇ ਸੀ। ਇਸ ਸਮੇਂ ਦੌਰਾਨ ਮੈਨੂੰ ਅਤੇ ਰਾਏ ਜੁਝਾਰ ਨੂੰ ਮੇਰੇ ਮਾਤਾ ਅਤੇ ਭਰਾਵਾਂ ਨੇ ਕਰੀਬ 50 ਤੋਲੇ ਸੋਨਾ ਪਾਇਆ ਅਤੇ ਕਰੀਬ 1 ਕਰੋੜ ਰੁਪਏ ਦਿੱਤੇ। ਸੋਨੇ ਦੇਣ ਦੇ ਸਾਰੇ ਸਬੂਤ ਮੇਰੇ ਪਾਸ ਹਨ। ਇਸੇ ਦੌਰਾਨ ਸਾਲ 2008 ਵਿੱਚ ਰਾਏ ਜੁਝਾਰ ਸਿੰਘ ਨੇ ਅਗਰ ਨਗਰ, ਲੁਧਿਆਣਾ ਵਿਖੇ ਮਕਾਨ ਖਰੀਦ ਕਰਨ ਲਈ ਮੇਰੇ ਤੋਂ 35000 ਡਾਲਰ (ਕਰੀਬ 20 ਲੱਖ ਰੁਪਏ) ਮੰਗਵਾਏ ਸਨ, ਜੋ ਮੈਂ ਕੈਨੇਡਾ ਤੋਂ ਡਰਾਫਟ ਬਣਾ ਕੇ ਇਸ ਨੂੰ ਭੇਜਿਆ ਸੀ। ਇਸੇ ਸਮੇਂ ਦੌਰਾਨ ਮੇਰੇ ਭਰਾ ਇੰਦਰਪਾਲ ਸਿੰਘ ਦਾ ਵਿਆਹ 2010 ਵਿੱਚ ਹੋਇਆ ਸੀ, ਜੋ ਇਹ ਵਿਆਹ ਵਿੱਚ ਸਾਰਾ ਅਰੇਜਰਮੈਂਟ ਰਾਏ ਜੁਝਾਰ ਨੇ ਹੀ ਕੀਤਾ ਸੀ ਕਿਉਂਕਿ ਅਸੀਂ ਕੈਨੇਡਾ ਦੇ ਵਸਨੀਕ ਹੋਣ ਕਰਕੇ ਸਾਨੂੰ ਨਹੀਂ ਸੀ ਜਿਆਦਾ ਜਾਣਕਾਰੀ। ਇਸ ਲਈ ਮੇਰੇ ਮਾਤਾ ਅਤੇ ਭਰਾਵਾਂ ਨੇ ਰਾਏ ਜੁਝਾਰ ਤੇ ਹੀ ਭਰੋਸਾ ਕੀਤਾ ਅਤੇ ਕਰੀਬ 1 ਕਰੋੜ ਰੁਪਏ ਇਸ ਨੂੰ ਦਿੱਤੇ ਸਨ। ਇਸ ਵਿਆਹ ਦੀਆਂ ਫੋਟੋਆਂ ਅਤੇ ਵੀਡਿਓਸ ਮੇਰੇ ਪਾਸ ਹਨ, ਜਿਸ ਵਿੱਚ ਇਹ ਬਤੌਰ ਮੇਰਾ ਪਤੀ ਸਾਰੇ ਸ਼ਗਨ ਕਰ ਰਿਹਾ ਹੈ। ਫਿਰ ਮੈਂ ਫਰਵਰੀ 2013 ਵਿੱਚ ਪ੍ਰੈਗਨੈਂਟ ਹੋਈ ਗਈ ਅਤੇ ਆਪਣੇ ਬੱਚੇ ਨੂੰ ਕੈਨੇਡਾ ਜਨਮ ਦਿਵਾਉਣਾ ਚਾਹੁੰਦਾ ਸੀ, ਇਸ ਲਈ ਅਪ੍ਰੈਲ 2013 ਵਿੱਚ ਕੈਨੇਡਾ ਵਾਪਸ ਚਲੀ ਗਈ। ਮਿਤੀ 28-10-2023 ਨੂੰ, ਮੈਂ ਲੜਕੇ ਊਧਮ ਸਿੰਘ ਰਾਏ ਨੂੰ ਜਨਮ ਦਿੱਤਾ। ਰਾਏ ਜੁਝਾਰ ਮੇਰੇ ਬੱਚੇ ਦੇ ਜਨਮ ਤੋਂ ਬਾਅਦ ਕੈਨੇਡਾ ਨਹੀਂ ਆਇਆ, ਰਾਏ ਜੁਝਾਰ ਨੇ ਮੈਨੂੰ ਕਿਹਾ ਕਿ ਮੇਰੇ ਤੇ ਪੁਲਿਸ ਕੇਸ ਹੋਏ ਹਨ, ਇਸ ਲਈ ਮੈਂ ਬਾਹਰ ਕੈਨੇਡਾ ਨਹੀਂ ਆ ਸਕਦਾ। ਫਿਰ ਮੈਂ ਸਾਲ 2014 ਵਿੱਚ ਆਪਣੇ ਬੱਚੇ ਨਾਲ ਭਾਰਤ ਆਈ ਅਤੇ ਇੱਥੇ ਰਾਏ ਜੁਝਾਰ ਨੇ ਰਣਜੀਤ ਐਵੀਨਊ ਲੁਧਿਆਣੇ ਫਲੈਟ ਲੈ ਕੇ ਦਿੱਤਾ ਅਤੇ ਉਥੇ ਰਹੀ। ਇਸ ਦੌਰਾਨ ਵੀ ਰਾਏ ਜੁਝਾਰ ਨੇ ਮੇਰੇ ਨਾਲ ਪਤੀ ਪਤਨੀ ਵਾਂਗ ਹੀ ਸਰੀਰਿਕ ਸਬੰਧ ਬਣਾਏ 23 ਮਾਰਚ 2015 ਨੂੰ ਮੇਰੇ ਛੋਟੇ ਭਰਾ ਤਾਜਵਿੰਦਰ ਸਿੰਘ ਢਿਲੋਂ ਦਾ ਵਿਆਹ ਹੋਇਆ। ਇਸ ਵਿਆਹ ਵਿੱਚ ਵੀ ਸਾਰਾ ਕੰਮ ਪਹਿਲਾਂ ਵਾਂਗ ਰਾਏ ਜੁਝਾਰ ਨੇ ਬਤੌਰ ਜੀਜਾ ਸਾਂਭਿਆ ਅਤੇ ਉਸ ਤੇ ਇੱਕ ਕਰੋੜ ਰੁਪਏ ਰਾਏ ਜੁਝਾਰ ਦੇ ਹੱਥੀ ਖਰਚਿਆ। ਮੈਂ ਸਾਲ 2013 ਤੋਂ 2017 ਤੱਕ ਫਿਰ ਇਸੇ ਤਰ੍ਹਾਂ ਭਾਰਤ ਰਾਏ ਜੁਝਾਰ ਨਾਲ ਬਤੋਰ ਪਤਨੀ ਰਹਿੰਦੇ ਰਹੀ। ਰਾਏ ਜੁਝਾਰ ਮੇਰੇ ਨਾਲ ਇਸੇ ਤਰ੍ਹਾਂ ਸੈਕਸ਼ੁਅਲ ਸਬੰਧ ਬਣਾਉਂਦਾ ਰਿਹਾ ਫਿਰ 2017 ਵਿੱਚ ਮੈਂ ਕੈਨੇਡਾ ਵਾਪਸ ਚਲੀ ਗਈ ਫਿਰ ਸਾਲ 2019 ਵਿੱਚ ਮੈਂ ਵਾਪਸ ਭਾਰਤ ਆਈ ਅਤੇ ਸਿਰਫ 2-3 ਮਹੀਨੇ ਰਹੀ ਕਿਉਂਕਿ ਮੈਂ ਅਤੇ ਮੇਰਾ ਬੱਚਾ ਊਧਮ ਸਿੰਘ ਭਾਰਤ ਆ ਕੇ ਬਿਮਾਰ ਹੋ ਗਏ ਸੀ। ਇਸ ਦੌਰਾਨ ਰਾਏ ਜੁਝਾਰ ਸਾਨੂੰ ਸਿਰਫ ਇੱਕ-ਦੋ ਵਾਰ ਮਿਲਣ ਲਈ ਆਇਆ ਅਤੇ ਮੇਰੇ ਨਾਲ ਕੁੱਝ ਵਿਆਹ ਦੇ ਫੈਕਸ਼ਨ ਅਟੈਂਡ ਕੀਤੇ ਫਿਰ ਮੈਂ 2-3 ਮਹੀਨੇ ਰਹਿ ਕੇ ਵਾਪਸ ਕੈਨੇਡਾ ਚਲੀ ਗਈ। ਉਦੋਂ ਤੋਂ ਲੈ ਕੇ ਹੁਣ ਤੱਕ ਮੈਂ ਕੈਨੇਡਾ ਰਹਿ ਰਹੀ ਸੀ ਅਤੇ ਰਾਏ ਜੁਝਾਰ ਦਾ ਵੀਜ਼ਾ ਅਪਲਾਈ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਰਾਏ ਜੁਝਾਰ ਨਾਲ ਜਦੋਂ ਵੀ ਮੈਂ ਗੱਲ ਕੀਤੀ ਕਿ ਆਪਾ ਲੀਗਲ ਤੋਰ ਤੇ ਵਿਆਹ ਕਰਵਾ ਲੈਦੇ ਹਾਂ ਅਤੇ ਤੇਰਾ ਸਪਾਉਸ ਵੀਜ਼ਾ ਅਪਲਾਈ ਕਰ ਦਿੰਦੇ ਹਾਂ ਤਾਂ ਇਸ ਨੇ ਕਿਸੇ ਨਾ ਕਿਸੇ ਤਰੀਕੇ ਟਾਲ ਮਟੋਲ ਕੀਤੀ ਫਿਰ ਮੈਨੂੰ ਸ਼ੱਕ ਹੋਇਆ ਤਾਂ ਮੈ ਇਸ ਬਾਰੇ ਆਪਣੇ ਰਿਸ਼ਤੇਦਾਰਾਂ ਰਾਹੀਂ ਪਤਾ ਕੀਤਾ ਤਾਂ ਮੈਨੂੰ ਪਤਾ ਲਗਾ ਕਿ ਇਸਦਾ ਤਾਂ ਮੇਰੇ ਵਿਆਹ ਤੋ ਪਹਿਲਾ ਹੀ ਜੋਤਸਨਾ ਨਾਮ ਦੀ ਔਰਤ ਨਾਲ ਵਿਆਹ ਹੋਇਆ ਹੈ ਅਤੇ ਬੱਚੇ ਹਨ। ਜਦੋਂ ਮੈਂ ਰਾਏ ਜੁਝਾਰ ਨਾਲ ਗੱਲ ਕੀਤੀ ਅਤੇ ਉਸਨੇ ਮੇਰੇ ਨਾਲ ਝਗੜਾ ਕੀਤਾ ਫਿਰ ਜਦੋਂ ਮੈਂ ਰਾਏ ਜੁਝਾਰ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਣ ਦਾ ਉਸਨੂੰ ਕਿਹਾ ਤਾਂ ਉਸਨੇ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਮੈਨੂੰ ਝਾਸੇ ਵਿੱਚ ਲੈ ਕੇ ਕਿਹਾ ਕਿ ਮੇਰਾ ਵਿਆਹ ਪਹਿਲਾ ਹੋਇਆ ਸੀ ਅਤੇ ਮੇਰੇ ਬੱਚੇ ਉਦੋਂ ਤੋਂ ਹੀ ਹਨ ਅਤੇ ਮੇਰਾ ਮੇਰੀ ਪਤਨੀ ਨਾਲ ਝਗੜਾ ਚੱਲਦਾ ਆ ਰਿਹਾ ਹੈ ਅਤੇ ਸਾਡਾ ਡਾਇਵੋਰਸ ਕੇਸ ਚੱਲ ਰਿਹਾ ਹੈ, ਜਦੋਂ ਡਾਇਵੋਰਸ ਹੋ ਗਿਆ ਤਾਂ ਉਹ ਵਿਆਹ ਕਰਵਾ ਲਵੇਗਾ। ਮੈਨੂੰ ਇਸਮੋਸ਼ਨਲ ਬਲੈਕਮੇਲ ਕੀਤਾ ਅਤੇ ਆਪਣੀ ਪਹਿਲਾਂ ਤੋਂ ਰੱਖੀ ਪਤਨੀ ਬਾਰੇ ਮੈਨੂੰ ਝੂਠ ਬੋਲ ਕੇ ਅਤੇ ਇਹ ਕਹਿ ਕੇ ਕਿ ਉਸਨੇ ਮੈਨੂੰ ਤੰਗ ਕੀਤਾ ਹੋਇਆ ਹੈ ਅਤੇ ਮੇਰੇ ਕੋਲ ਰੋ ਕੇ ਸੱਚਾ ਹੋ ਗਿਆ। ਮੈਂ ਰਾਏ ਜੁਝਾਰ ਨਾਲ ਹੱਦੋਂ ਵੱਧ ਕੇ ਪਿਆਰ ਕਰਦੀ ਸੀ, ਇਸ ਲਈ ਮੈਂ ਉਸ ਤੇ ਫਿਰ ਯਕੀਨ ਕਰ ਲਿਆ। ਰਾਏ ਜੁਝਾਰ ਨੇ ਮੈਨੂੰ ਹੁਣ ਤੱਕ ਧੋਖੇ ਵਿੱਚ ਰੱਖਿਆ ਅਤੇ ਲਾਰੇ ਲਗਾਉਂਦਾ ਰਿਹਾ। ਇਸ ਸਬੰਧੀ ਮੇਰੇ ਪਾਸ ਰਿਕਾਡਿੰਗ ਵੀ ਹਨ ਅਤੇ ਵਟਸਐਪ ਚੈਟਿੰਗ ਵੀ ਹੈ। ਮੈਂ ਇਹ ਸਾਰੇ ਸਬੂਤ ਆਪ ਜੀ ਨੂੰ ਪੇਸ਼ ਕਰ ਦੇਵਾਂਗੀ। ਹੁਣ ਜਦੋਂ ਮੈਂ ਰਾਏ ਜੁਝਾਰ ਦੇ ਝੂਠ ਤੋਂ ਤੰਗ ਆ ਗਈ ਕਿਉਂਕਿ ਮੇਰਾ ਬੇਟਾ ਉਧਮ ਸਿੰਘ ਹੁਣ 11 ਸਾਲ ਦਾ ਹੋ ਚੁੱਕਾ ਹੈ ਅਤੇ ਰਾਏ ਜੁਝਾਰ ਆਪਣੀ ਜ਼ਿੰਮੇਵਾਰੀ ਨਹੀਂ ਚੁੱਕ ਰਿਹਾ ਅਤੇ ਮੈਨੂੰ ਅਤੇ ਮੇਰੇ ਬੇਟੇ ਨੂੰ ਧੋਖਾ ਦੇ ਰਿਹਾ ਹੈ। ਮੈਂ ਤੰਗ ਆ ਕੇ ਆਪਣੇ ਰਿਸ਼ਤੇਦਾਰਾਂ ਰਾਹੀਂ ਦੁਬਾਰਾ ਰਾਏ ਜੁਝਾਰ ਪਤਾ ਕੀਤਾ ਤਾਂ ਮੈਨੂੰ ਪਤਾ ਲੱਗਾ ਕਿ ਰਾਏ ਜੁਝਾਰ ਨੇ ਕਦੀ ਵੀ ਆਪਣੀ ਪਤਨੀ ਤੋਂ ਡਾਇਵੋਰਸ ਨਹੀਂ ਲਿਆ ਅਤੇ ਨਾ ਕਦੇ ਅਪਲਾਈ ਕੀਤਾ ਹੈ। ਉਹ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ। ਰਾਏ ਜੁਝਾਰ ਨੇ ਸਿਰਫ, ਮੇਰੇ ਤੋਂ ਕਰੋੜਾ ਰੁਪਏ ਠੱਗਣ ਦੇ ਮਾਰੇ ਮੈਨੂੰ ਆਪਣੇ ਝੂਠੇ ਪਿਆਰ ਵਿੱਚ ਫਸਾ ਕੇ ਮੈਨੂੰ ਪਤਨੀ ਬਣਾਉਂਣ ਦਾ ਝਾਂਸਾ ਦੇ ਕੇ ਕਰੀਬ 17 ਸਾਲ ਮੇਰੇ ਸਰੀਰਿਕ ਸ਼ੋਸ਼ਣ ਕਰਕੇ, ਮੇਰੇ ਤੋਂ ਕਰੋੜਾ ਰੁਪਏ ਬਿਜਨਸ ਅਤੇ

ਪ੍ਰੋਪਰਟੀ ਖਰੀਦਣ ਦਾ ਝਾਂਸਾ ਦੇ ਕੇ ਠੱਗੇ ਹਨ। ਮੈਂ ਹੁਣ 28 ਸਤੰਬਰ 2024 ਨੂੰ ਭਾਰਤ ਆਈ ਹਾਂ ਅਤੇ ਜਦੋਂ ਰਾਏ ਜੁਝਾਰ ਨੂੰ ਇਸ ਬਾਰੇ ਦੱਸਿਆ ਤਾਂ ਉਸਨੇ ਮੈਨੂੰ ਧਮਕੀਆ ਦੇਣੀਆ ਸ਼ੁਰੂ ਕਰ ਦਿੱਤੀਆਂ ਕਿ ਜੇਕਰ ਤੂੰ ਪੰਜਾਬ ਆਈ ਤਾਂ ਉਹ ਮੈਨੂੰ ਮਰਵਾ ਦੇਵੇਗਾ ਅਤੇ ਪੁਲਿਸ ਮੇਰਾ ਕੁੱਝ ਨਹੀਂ ਕਰ ਸਕਦੀ। ਫਿਰ ਜਦੋਂ ਮੈਂ ਕਿਹਾ ਕਿ ਮੈਂ ਆਪਣਾ ਅਤੇ ਆਪਣੇ ਬੱਚੇ ਦਾ ਹੱਕ ਲੈਣਾ ਹੈ ਤਾਂ ਇਸ ਨੇ ਸਿੱਧੇ ਤੌਰ ਤੇ ਮੈਨੂੰ ਵਟਸਐਪ ਦੇ ਵਾਇਸ ਨੋਟ ਭੇਜ ਕੇ ਧਮਕੀ ਦਿੱਤੀ ਕਿ ਤੂੰ ਜੋ ਕਰਨਾ ਕਰ ਲੈ ਕਈ ਸਿੰਗਰਾਂ ਤੇ ਰੇਪ ਕੇਸ ਹੋਏ ਦਾ ਵੇਰਵਾ ਦਿੰਦੇ ਕਿਹਾ ਕਿ ਉਨ੍ਹਾ ਦਾ ਕੀ ਵਿਗੜ ਗਿਆ ਹੈ ਅਤੇ ਤੂੰ ਮੇਰਾ ਕੀ ਵਿਗੜਾ ਦੇਵੇਗੀ।ਇਸ ਲਈ ਕ੍ਰਿਪਾ ਕਰਕੇ ਜੁਝਾਰ ਸਿੰਘ ਉਰਫ ਰਾਏ ਜੁਝਾਰ ਪੁੱਤਰ ਮੋਹਨ ਸਿੰਘ ਵਾਸੀ ਰਾਜਾ ਗਾਰਡਨ ਕਲੋਨੀ ਜਲੰਧਰ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਇਸ ਪਾਸੋਂ ਮੈਨੂੰ ਬਿਜਨਸ ਅਤੇ ਪ੍ਰੋਪਰਟੀ ਖਰੀਦਣ ਦੇ ਨਾਮ ਤੇ ਠੱਗੇ ਕਰੋੜਾ ਰੁਪਏ ਵਾਪਸ ਦਵਾਏ ਜਾਣ ਅਤੇ ਮੈਨੂੰ ਇਨਸਾਫ ਦੁਵਾਇਆ ਜਾਵੇ ਜੀ। ਆਪ ਜੀ ਦੀ ਬੜੀ ਮੇਹਰਬਾਨੀ ਹੋਵੇਗੀ। Sd/-(English) ਪ੍ਰਿਟੀ ਰਾਏ ਪੁੱਤਰੀ ਤ੍ਰਿਲੋਚਨ ਸਿੰਘ ਵਾਸੀ ਮਕਾਨ ਨੰਬਰ 02, ਰਾਜਨ ਨਗਰ, ਬਸਤੀ ਪੀਰ ਦਾਸ ਜਲੰਧਰ ਹਾਲ ਵਾਸੀ Surrey BC, 14616 58, Avenue, V3W 2Z6, Canada ਮੋਬਾਇਲ ਨੰਬਰ +1-604-600-3621, 98770-98987 ਉਕਤ ਦਰਖਾਸਤ ਮਾਨਯੋਗ ਵਧੀਕ ਡਾਇਰੈਕਟਰ ਜਨਰਲ ਪੁਲਿਸ, ਐਨ.ਆਰ.ਆਈ ਵਿੰਗ ਪੰਜਾਬ, ਐਸ.ਏ.ਐਸ. ਨਗਰ ਤੋ ਯੋਗ ਪ੍ਰਣਾਲੀ ਰਾਹੀ ਦਫਤਰ ਮਾਨਯੋਗ ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਐਨ.ਆਰ.ਆਈ ਵਿੰਗ ਜਲੰਧਰ ਜੀ ਵਿਖੇ ਪ੍ਰਾਪਤ ਹੋਣ ਮਾਨਯੋਗ ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਐਨ.ਆਰ.ਆਈ ਵਿੰਗ ਜਲੰਧਰ ਜੀ ਦੇ ਹੁਕਮ ਅਨੁਸਾਰ ਦਰਖਾਸਤ ਦੀ ਪੜਤਾਲ ਇੰਸਪੈਕਟਰ ਗੁਰਵਿੰਦਰ ਕੋਰ ਦਫਤਰ ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਐਨ.ਆਰ.ਆਈ ਵਿੰਗ, ਜਲੰਧਰ ਵੱਲੋ ਅਮਲ ਵਿੱਚ ਲਿਆਂਦੀ ਗਈ। ਜਿਹਨਾਂ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ "ਦਰਖਾਸਤ ਯੂ.ਆਈ.ਡੀ ਨੰਬਰ 2409777 ਮਿਤੀ 23-10-2024 ਦੀ ਪੜਤਾਲ ਤੋਂ ਪਾਇਆ ਗਿਆ ਹੈ ਕਿ ਦਰਖਾਸਤ ਕਰਤਾ ਪ੍ਰਿਟੀ ਰਾਏ ਅਤੇ ਉੱਤਰਵਾਦੀ ਰਾਏ ਜੁਝਾਰ ਸਾਲ 2006 ਵਿੱਚ ਵਿਦੇਸ਼ ਕੈਨੇਡਾ ਵਿੱਚ ਇੱਕ ਦੂਜੇ ਨੂੰ ਮਿਲੇ ਸਨ ਅਤੇ ਇਹ ਦੋਨੇ ਰਿਲੇਸ਼ਨ ਵਿੱਚ ਆਏ ਸਨ। ਉੱਤਰਵਾਦੀ ਰਾਏ ਜੁਝਾਰ ਨੇ ਦਰਖਾਸਤੀ ਪ੍ਰਿਟੀ ਰਾਏ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਸਾਲ 2007 ਵਿੱਚ ਜਲੰਧਰ ਵਿਖੇ ਕਿਸੇ ਗੁਰਦੁਆਰੇ ਵਿੱਚ ਵਿਆਹ ਕਰਵਾਕੇ, ਉਤਰਵਾਦੀ ਰਾਏ ਜੁਝਾਰ ਨੇ ਦਰਖਾਸਤ ਪ੍ਰਿਟੀ ਰਾਏ ਨਾਲ ਸਰੀਰਕ ਸਬੰਧ ਬਣਾਏ ਤੇ ਇਹਨਾ ਸਬੰਧਾ ਤੋਂ ਉਸਦਾ ਇੱਕ ਬੱਚਾ ਵੀ ਹੈ। ਬਾਦ ਵਿੱਚ ਦਰਖਾਸਤ ਕਰਤਾ ਪ੍ਰਿਟੀ ਰਾਏ ਨੂੰ ਪਤਾ ਲੱਗਾ ਕਿ ਉਸਦੇ ਪਤੀ ਰਾਏ ਜੁਝਾਰ ਨੇ ਕਿਸੇ ਹੋਰ ਜੋਤਸ਼ਨਾ ਰਾਏ ਨਾਮ ਦੀ ਲੜਕੀ ਨਾਲ ਪਹਿਲਾ ਹੀ ਵਿਆਹ ਕਰਵਾਇਆ ਹੋਇਆ ਸੀ ਅਤੇ ਉਸ ਵਿਆਹ ਤੋਂ ਉਸਦੇ ਬੱਚੇ ਵੀ ਹਨ। ਇਸ ਤੋਂ ਇਲਾਵਾ ਦਰਖਾਸਤ ਕਰਤਾ ਪ੍ਰਿਟੀ ਰਾਏ ਵੱਲੋਂ ਗੁਪਤ ਤੋਰ ਤੇ ਮਨ ਇੰਸਪੈਕਟਰ ਨੂੰ ਉਤਰਵਾਦੀ ਰਾਏ ਜੁਝਾਰ ਵੱਲੋਂ ਪ੍ਰਿਟੀ ਰਾਏ ਨਾਲ ਸਰੀਰਕ ਸਬੰਧ ਬਣਾਉਂਦੇ ਦੀਆਂ ਵੀਡਿਓ ਅਤੇ ਕੁਝ ਇਤਰਾਜਹੀਣ ਫੋਟੋਆ ਆਪਣੇ ਮੋਬਾਇਲ ਫੋਨ ਵਿੱਚ ਦਿਖਾਂਈਆਂ ਗਈਆਂ ਹਨ।ਜੋ ਦਰਖਾਸਤ ਕਰਤਾ ਮੁਤਾਬਿਕ ਰਾਏ ਜੁਝਾਂਰ ਨੇ ਖੁਦ ਬਣਾਈਆ ਸਨ। ਜਿਹਨਾ ਤੋਂ ਸਾਫ ਸੱਪਸਟ ਹੈ ਕਿ ਇਹਨਾ ਦੋਨਾ ਦੇ ਆਪਸ ਵਿੱਚ ਸਰੀਰਕ ਸਬੰਧ ਹਨ ਪਰ ਉਤਰਵਾਦੀ ਰਾਏ ਜੁਝਾਰ ਨੇ ਆਪਣੇ ਬਿਆਨ ਵਿੱਚ ਇਹਨਾ ਸਬੰਧਾ ਤੋਂ ਸਾਫ ਇਨਕਾਰ ਕੀਤਾ ਹੈ। ਜਿਸ ਤੋਂ ਸਾਫ ਜਾਹਿਰ ਹੁੰਦਾ ਹੈ ਕਿ □ਉਤਰਵਾਦੀ ਰਾਏ ਜੁਝਾਰ ਨੇ ਇੱਕ ਸੋਚੀ ਸਮਝੀ ਸ਼ਾਜਿਸ਼ ਤਹਿਤ ਦਰਖਾਸਤ ਕਰਤਾ ਪ੍ਰਿਟੀ ਰਾਏ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਸਰੀਰਕ ਸਬੰਧ ਬਣਾਏ ਗਏ ਹਨ ਅਤੇ ਹੁਣ ਉਸ ਤੋਂ ਪਿੱਛਾ ਛੁਡਵਾਉਣਾ ਚਾਹੁੰਦਾ ਹੈ। ਉਤਰਵਾਦੀ ਰਾਏ ਜੁਝਾਰ ਨੇ ਦਰਖਾਸਤ ਕਰਤਾ ਪ੍ਰਿਟੀ ਰਾਏ ਨਾਲ ਵਿਆਹ ਦਾ ਝਾਸਾ ਦੇ ਕੇ, ਉਸ ਨਾਲ ਸਰੀਰਕ ਸਬੰਧ ਬਣਾਉਣੇ ਸਿੱਧ ਹੁੰਦੇ ਹਨ, ਪਹਿਲੀ ਨਜਰੇ ਜੁਰਮ ਧਾਰਾ 376 IPC (69 BNS) ਦਾ ਅਪਰਾਧ ਕੀਤਾ ਹੈ। ਦਰਖਾਸਤ ਦੀ ਹੁਣ ਤੱਕ ਦੀ ਪੜਤਾਲ ਤੋਂ ਦਰਖਾਸਤ ਕਰਤਾ ਪ੍ਰਿਟੀ ਰਾਏ ਅਤੇ ਉਤਰਵਾਦੀ ਰਾਏ ਜੁਝਾਰ ਦੇ ਬਿਆਨ ਤੋਂ ਇਹ ਸ਼ੱਪਸਟ ਹੈ ਕਿ ਦਰਖਾਸਤ ਕਰਤਾ ਪ੍ਰਿਟੀ ਰਾਏ ਵੱਲੋਂ ਰਾਏ ਜੁਝਾਰ ਨੂੰ 05 ਲੱਖ ਰੁਪਏ ਦਿੱਤੇ ਗਏ ਹਨ ਅਤੇ ਦਰਖਾਸਤ ਕਰਤਾ ਪ੍ਰਿਟੀ ਰਾਏ ਦਾ ਸੋਨਾ ਵੀ ਉਤਰਵਾਦੀ ਰਾਏ ਜੁਝਾਰ ਵੱਲੋਂ ਲਿਆ ਗਿਆ ਹੈ, ਇਹ ਵੱਟਸਅਪ ਮੈਸਿਜ ਅਤੇ ਵਟੱਸਅਪ ਚੈਟ ਤੋਂ ਸਾਬਤ ਹੁੰਦਾ ਹੈ। ਇਸ ਲਈ ਉਤਰਵਾਦੀ ਰਾਏ ਜੁਝਾਰ ਉਰਫ ਜੁਝਾਰ ਸਿੰਘ ਨੇ ਦਰਖਾਸਤ ਕਰਤਾ ਪ੍ਰਿਟੀ ਰਾਏ ਦੇ ਪੈਸੇ ਹੜੱਪ ਕਰਕੇ, ਉਸਦਾ ਸੋਨਾ ਆਪਣੇ ਕਬਜੇ ਰੱਖ ਕੇ ਪਹਿਲੀ ਨਜਰੇ ਜੁਰਮ ਧਾਰਾ 406, ਭ:ਦ 316 (2 ), BNS ਦਾ ਅਪਰਾਧ ਕੀਤਾ ਹੈ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਉਤਰਵਾਦੀ ਧਿਰ ਜੁਝਾਰ ਸਿੰਘ ਉਰਫ ਰਾਏ ਜੁਝਾਰ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਕਾਲਾ ਬੱਕਰਾ ਥਾਣਾ ਭੋਗਪੁਰ ਜਿਲ੍ਹਾ ਜਲੰਧਰ ਹਾਲ ਵਾਸੀ ਮਕਾਨ ਨੰਬਰ 02 ਰਾਜਨ ਨਗਰ ਬਸਤੀ ਪੀਰ ਦਾਸ ਜਲੰਧਰ ਦੇ ਖਿਲਾਫ ਪਹਿਲੀ ਨਜਰੇ ਜੁਰਮ ਧਾਰਾ 376, 406 IPC (63,316 (2) BNS) ਸਬੰਧੀ ਲਾਅ ਅਫਸਰ ਪਾਸੋਂ ਕਾਨੂੰਨੀ ਰਾਏ ਹਾਸਲ ਕਰਕੇ, ਉਕਤ ਧਾਰਾਵਾ ਤਹਿਤ ਥਾਣਾ ਐਨ.ਆਰ.ਆਈ ਜਲੰਧਰ ਸ਼ਹਿਰੀ ਵਿਖੇ ਦਰਜ ਰਜਿਸਟਰ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਉਕਤ ਰਿਪੋਰਟ ਸਬੰਧੀ ਮਾਨਯੋਗ ਵਧੀਕ ਡਾਇਰੈਕਟਰ ਜਰਨਲ ਪੁਲਿਸ, ਐਨ.ਆਰ.ਆਈ ਵਿੰਗ, ਫੇਜ-7, ਐਸ.ਏ.

ਐਸ ਨਗਰ ਜੀ ਪਾਸੋਂ ਅੰਤਿਮ ਹੁਕਮ ਹਾਸਲ ਕਰਕੇ, ਉਸਦੀ ਰਿਪੋਰਟ ਮਾਨਯੋਗ ਪੰਜਾਬ ਰਾਜ ਮਹਿਲਾ ਕਮਿਸ਼ਨ ਚੰਡੀਗੜ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ। ਰਿਪੋਰਟ ਪੇਸ਼ ਹੈ ਜੀ। ਸਹੀ/- (ਗੁਰਵਿੰਦਰ ਕੌਰ ਇੰਸਪੈਕਟਰ) ਦਫਤਰ ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਐਨ.ਆਰ.ਆਈ. ਜੋਨ ਜਲੰਧਰ। ਮਿਤੀ 05-11-2024 ਉਕਤ ਰਿਪੋਰਟ ਯੋਗ ਪ੍ਰਣਾਲੀ ਰਾਹੀਂ ਮਾਨਯੋਗ ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਐਨ.ਆਰ.ਆਈ, ਵਿੰਗ, ਜਲੰਧਰ ਜੀ ਦੇ ਪੇਸ਼ ਕੀਤੀ ਗਈ। ਜਿਹਨਾਂ ਵੱਲੋਂ ਉਕਤ ਰਿਪੋਰਟ ਨਾਲ ਸਹਿਮਤ ਹੁੰਦੇ ਹੋਏ ਆਪਣੀ ਵੱਖ ਰਿਪੋਰਟ ਤਿਆਰ ਕਰਕੇ ਪੱਤਰ ਨੰਬਰ 5753/AIG-NRI-JAL ਮਿਤੀ 05.11.2024 ਨਾਲ ਮਾਨਯੋਗ ਵਧੀਕ ਡਾਇਰੈਕਟਰ ਜਨਰਲ ਪੁਲਿਸ, ਐਨ.ਆਰ.ਆਈ ਵਿੰਗ, ਐਸ.ਏ.ਐਸ ਨਗਰ ਜੀ ਦੀ ਸੇਵਾ ਵਿੱਚ ਭੇਜੀ ਗਈ। ਜਿਸ ਸਬੰਧੀ ਇੰਨਚਾਰਜ ਪੀ.ਸੀ. 1(2) ਐਨ.ਆਰ.ਆਈ. ਵਿੰਗ ਵੱਲੋਂ ਵੱਖ ਲਿਖਤੀ ਰਿਪੋਰਟ ਰਾਹੀਂ ਉਕਤ ਦਰਖਾਸਤ ਸਮੇਤ ਰਿਕਾਰਡ ਮਾਨਯੋਗ ਸਹਾਇਕ ਇੰਸਪੈਕਟਰ ਜਨਰਲ ਪੁਲਿਸ ਐਨ.ਆਰ.ਆਈ. ਵਿੰਗ ਸਥਾਨਿਕ ਦੇ ਪੇਸ਼ ਕੀਤੀ। ਜਿਹਨਾਂ ਵੱਲੋਂ ਹੁਕਮ ਫੁਰਮਾਇਆ ਕਿ “DA Legal to opine” Sd/- 27-11-2024 ਉਕਤ ਦਰਖਾਸਤ ਸਮੇਤ ਪੜਤਾਲੀਆਂ ਰਿਪੋਰਟ ਤੇ ਰਿਕਾਰਡ ਕਾਨੂੰਨੀ ਰਾਏ ਹਾਸਲ ਕਰਨ ਲਈ ਮਾਨਯੋਗ ਲੀਗਲ ਐਡਵਾਈਜ਼ਰ ਐਨ.ਆਰ.ਆਈ ਵਿੰਗ ਐਸ.ਏ.ਐਸ ਨਗਰ ਭੇਜੀ ਗਈ। ਜਿਸਤੇ ਮਾਨਯੋਗ ਜਿਲ੍ਹਾ ਅਟਾਰਨੀ ਐਨ.ਆਰ.ਆਈ. ਵਿੰਗ ਨੇ ਆਪਣੀ ਰਾਇ ਵਿੱਚ ਲਿਖਆ ਹੈ ਕਿ "ਵਿਸ਼ਾ:- ਦਰਖਾਸਤ ਯੂ.ਆਈ.ਡੀ ਨੰਬਰ 2409777 ਵੱਲੋ ਪ੍ਰਿਟੀ ਰਾਏ ਵਾਸੀ ਜਿਲਾ ਜਲੰਧਰ ਦੇ ਸਬੰਧ ਵਿੱਚ ਰਿਪੋਰਟ। ਨੰਬਰ 721/D.A/NRI ਮਿਤੀ 29.11.2024 ਵਿਸ਼ਾ ਅਧੀਨ ਮਾਮਲੇ ਨਾਲ ਸਬੰਧਤ ਦਰਖਾਸਤ ਕਰਤੀ ਪ੍ਰਿਟੀ ਰਾਏ ਦੀ ਦਰਖਾਸਤ, ਏ.ਆਈ.ਜੀ/ਐਨ.ਆਰ.ਆਈ ਵਿੰਗ./ਜਲੰਧਰ ਦੀ ਪੜਤਾਲੀਆਂ ਰਿਪੋਰਟ ਮਿਤੀ 05.11.2024 ਅਤੇ ਸਬੰਧਤ ਰਿਕਾਰਡ ਨੂੰ ਵਾਚ ਲਿਆ ਹੈ ।ਦਰਖਾਸਤ ਵਿੱਚ ਲਗਾਏ ਗਏ ਦੋਸ਼ ਦਰਖਾਸਤ ਕਰਤੀ ਪ੍ਰਿੰਟੀ ਰਾਏ ਨੇ ਆਪਣੀ ਦਰਖਾਸਤ ਵਿੱਚ ਉਤਰਵਾਦੀ 1) ਜੁਝਾਰ ਸਿੰਘ ਉਰਫ ਰਾਏ ਜੁਝਾਰ ਪਰ ਦਰਖਾਸਤ ਦ/ਕਰਤੀ ਦਾ ਪਤੀ ਨਾ ਹੋਣ ਦੇ ਬਾਵਜੂਦ ਉਸਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਸਰੀਰਕ ਸਬੰਧ ਬਣਾਉਣ ਅਤੇ ਦ/ਕਰਤੀ ਪਾਸੋ ਕਰੋੜਾਂ ਰੁਪਏ ਜਮੀਨ ਖਰੀਦਣ ਅਤੇ ਬਿਜਨਸ ਕਰਨ ਦੇ ਲਈ ਲੈ ਕੇ ਠੱਗੀ ਮਾਰਨ ਆਦਿ ਦੇ ਦੋਸ਼ ਲਗਾਏ ਹਨ। ਪੜਤਾਲੀਆਂ ਅਫਸਰ ਦੀ ਸਿਫਾਰਸ਼ ਏ. ਆਈ.ਜੀ/ਐਨ.ਆਰ.ਆਈ.ਵਿੰਗ/ਜਲੰਧਰ ਨੇ ਆਪਣੀ ਪੜਤਾਲੀਆ ਰਿਪੋਰਟ ਮਿਤੀ 05.11.2024 ਵਿੱਚ ਲਿਖਿਆ ਹੈ ਕਿ ਉਤਰਵਾਦੀ 1) ਜੁਝਾਰ ਸਿੰਘ ਉਰਫ ਰਾਏ ਜੁਝਾਰ ਦੇ ਖਿਲਾਫ ਅ/ਧ 376,406 ਆਈ.ਪੀ.ਸੀ ਤਹਿਤ ਮੁਕੱਦਮਾ ਦਰਜ਼ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪੜਤਾਲ ਦੌਰਾਨ ਸਾਹਮਣੇ ਆਏ ਤੱਥ - ਏ.ਆਈ.ਜੀ/ਐਨ.ਆਰ.ਆਈ.ਵਿੰਗ/ਜਲੰਧਰ ਦੀ ਪੜਤਾਲੀਆ ਰਿਪੋਰਟ ਦੇ ਆਧਾਰ ਤੇ ਅਤੇ ਸਬੰਧਤ ਰਿਕਾਰਡ ਦੇ ਆਧਾਰ ਤੇ ਇਹ ਗੱਲ ਸਾਹਮਣੇ ਆਈ ਹੈ ਕਿ ਉੱਤਰਵਾਦੀ ਰਾਏ ਜੁਝਾਰ ਨੇ ਇੱਕ ਸੋਚੀ ਸਮਝੀ ਸਾਜਿਸ਼ ਤਹਿਤ ਦਰਖਾਸਤ ਕਰਤਾ ਪ੍ਰਿਟੀ ਰਾਏ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਸਰੀਰਕ ਸਬੰਧ ਬਣਾਏ ਗਏ ਹਨ ਅਤੇ ਹੁਣ ਉਸ ਤੋਂ ਪਿੱਛਾ ਛੱਡਵਾਉਣਾ ਚਾਹੁੰਦਾ ਹੈ। ਦਰਖਾਸਤ ਕਰਤਾ ਪ੍ਰਿਟੀ ਰਾਏ ਵੱਲੋਂ ਗੁਪਤ ਤੌਰ ਤੇ ਪੜਤਾਲੀਆ ਅਫਸਰ/ਇੰਸਪੈਕਟਰ ਨੂੰ ਉਤਰਵਾਦੀ ਰਾਏ ਜੁਝਾਰ ਵੱਲੋਂ ਪ੍ਰਿਟੀ ਰਾਏ ਨਾਲ ਸਰੀਰਕ ਸਬੰਧ ਬਣਾਉਂਦੇ ਦੀਆਂ ਵੀਡਿਓ ਅਤੇ ਕੁਝ ਇਤਰਾਜਹੀਣ ਫੋਟੋਆਂ ਆਪਣੇ ਮੋਬਾਇਲ ਫੋਨ ਵਿੱਚ ਦਿਖਾਈਆਂ ਗਈਆਂ ਹਨ। ਦ/ਕਰਤਾ ਪ੍ਰਿਟੀ ਰਾਏ ਵੱਲੋਂ ਰਾਏ ਜੁਝਾਰ ਨੂੰ 05 ਲੱਖ ਰੁਪਏ ਦਿੱਤੇ ਗਏ ਹਨ ਅਤੇ ਦਰਖਾਸਤ ਕਰਤਾ ਪ੍ਰਿਟੀ ਰਾਏ ਦਾ ਸੋਨਾ ਵੀ ਉੱਤਰਵਾਦੀ ਰਾਏ ਜੁਝਾਰ ਵੱਲੋਂ ਲਿਆ ਗਿਆ ਹੈ। ਕਾਨੂੰਨੀ ਰਾਏ ਮੇਰੀ ਰਾਏ ਅਨੁਸਾਰ ਜੇਕਰ ਏ.ਆਈ.ਜੀ/ਐਨ.ਆਰ.ਆਈ.ਵਿੰਗ/ਜਲੰਧਰ ਦੀ ਪੜਤਾਲੀਆ ਰਿਪੋਰਟ ਸਹੀ ਤੱਥਾਂ ਤੇ ਅਧਾਰਿਤ ਹੈ ਤਾਂ ਉਤਰਵਾਦੀ ਜੁਝਾਰ ਸਿੰਘ ਉਰਫ ਰਾਏ ਜੁਝਾਰ ਦੇ ਖਿਲਾਫ ਪਹਿਲੀ ਨਜਰੇ ਜੁਰਮ ਅ/ਧ 406,420,376 ਆਈ.ਪੀ.ਸੀ ਬਣਦੇ ਹਨ। ਅਗਰ ਤਫਤੀਸ ਦੌਰਾਨ ਕੋਈ ਹੋਰ ਤੱਥ ਸਾਹਮਣੇ ਆਉਂਦੇ ਹਨ ਤਾਂ ਉਸ ਮੁਤਾਬਿਕ ਦੋਸ਼ਾ ਅਤੇ ਦੋਸ਼ੀਆ ਦਾ ਵਾਧਾ/ਘਾਟਾ ਕੀਤਾ ਜਾ ਸਕਦਾ ਹੈ। ਜੇਕਰ ਪ੍ਰਵਾਨ ਹੋਵੇ ਤਾਂ ਥਾਣਾ ਐਨ.ਆਰ.ਆਈ. ਜਲੰਧਰ ਸ਼ਹਿਰੀ ਦੇ ਮੁੱਖ ਅਫਸਰ ਨੂੰ ਮੁਕੱਦਮਾ ਦਰਜ ਕਰਨ ਦਾ ਹੁਕਮ ਕੀਤਾ ਜਾਵੇ। ਫਿਰ ਵੀ ਆਪ ਜੀ ਵਲੋਂ ਲਿਆ ਗਿਆ ਫੈਸਲਾ ਅੰਤਿਮ ਅਤੇ ਮੰਨਣਯੋਗ ਹੋਵੇਗਾ ਜੀ।ਰਿਪੋਰਟ ਪੇਸ ਹੈ ਜੀ। ਸਹੀ/- ਜਿਲਾ ਅਟਾਰਨੀ, ਐਨ.ਆਰ.ਆਈ.ਵਿੰਗ, ਜਿਸਤੇ ਮਾਨਯੋਗ ਵਧੀਕ ਡਾਇਰੈਕਟਰ ਜਨਰਲ ਪੁਲਿਸ ਐਨ.ਆਰ.ਆਈ. ਵਿੰਗ ਪੰਜਾਬ ਵੱਲੋਂ ਹੁਕਮ ਫੁਰਮਾਇਆ ਗਿਆ ਕਿ "SHO P.S. NRI Jalandhar (City) to register case and investigate” Sd/- ADGP/NRI 29-11-2024 ਅੱਜ ਥਾਣਾ ਜੋ ਉਕਤ ਹੁਕਮ ਪੱਤਰ ਨੰਬਰ 34030 ਨੋਡਲ ਡੈਸਕ-1(2) ਐਨ.ਆਰ.ਆਈ. ਵਿੰਗ ਮਿਤੀ 29-11-2024 ਰਾਹੀਂ ਸਮੇਤ ਦਰਖਾਸਤ ਅਤੇ ਰਿਕਾਰਡ ਬਜਰੀਆ ਡਾਕ ਥਾਣਾ ਮੌਸੂਲ ਹੋਣ ਤੇ ਇਹ ਪਹਿਲੀ ਸੂਚਨਾ ਰਿਪੋਰਟ ਅ/ਧ 406,420,376 ਭ.ਦ. ਤਹਿਤ ਬਰਖਿਲਾਫ ਜੁਝਾਰ ਸਿੰਘ ਰਾਏ ਉਰਫ ਰਾਏ ਜੁਝਾਰ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਕਾਲਾ ਬੱਕਰਾ, ਜਿਲ੍ਹਾ ਜਲੰਧਰ ਹਾਲ ਵਾਸੀ ਰਾਜਾ ਗਾਰਡਨ ਜਲੰਧਰ ਦੇ ਦਰਜ ਰਜਿਸਟਰ ਕੀਤਾ ਗਿਆ। ਜੋ ਉਕਤ ਮੁਕੱਦਮਾ ਵਿੱਚ ਲੱਗੇ ਜੁਰਮ

ਦੀ ਤਫਤੀਸ਼ ਕਿਸੇ ਮਹਿਲਾ ਤਫਤੀਸ਼ੀ ਅਫਸਰ ਵੱਲੋਂ ਕੀਤੀ ਜਾਣੀ ਹੈ। ਥਾਣਾ ਵਿੱਚ ਕੋਈ ਮਹਿਲਾ ਤਫਤੀਸ਼ੀ ਅਫਸਰ ਤਾਇਨਾਤ ਨਹੀ ਹੈ। ਇਸ ਲਈ ਮੁਕੱਦਮਾ ਦਰਜ ਰਜਿਸਟਰ ਕਰਕੇ ਅਸਲ ਦਰਖਾਸਤ ਸਮੇਤ ਇਨਕੁਆਰੀ ਰਿਪੋਰਟ ਤੇ ਰਿਕਾਰਡ ਮਹਿ ਨਕਲ FIR ਯੋਗ ਹੁਕਮ ਲਈ ਮਾਨਯੋਗ ਸਹਾਇਕ ਇੰਸਪੈਕਟਰ ਜਨਰਲ ਪੁਲਿਸ ਐਨ.ਆਰ.ਆਈ. ਵਿੰਗ ਜਲੰਧਰ ਪਾਸ ਭੇਜੀ ਜਾ ਰਹੀ ਹੈ। ਅਫਸਰਾਨ ਬਾਲਾ ਅਤੇ ਕੰਟਰੋਲ ਰੂਮ ਪਰ ਬਜਰੀਆ ਟੈਲੀਫੋਨ ਇਤਲਾਹ ਦਿੱਤੀ ਗਈ। ਤਕਮੀਲ ਰਪਟ ਨੰਬਰ 09 ਮਿਤੀ 30-11-2024

13 Action taken: Since the above information reveals commission of offence(s) u/s as mentioned at Item No. 2.
(ਕਾਰਵਾਈ : ਉਪਰੋਕਤ ਜਾਣਕਾਰੀ ਨਾਲ ਪਤਾ ਚੱਲਦਾ ਹੈਂ ਕਿ ਅਪਰਾਧ ਕਰਨ ਦਾ ਤਰੀਕਾ ਸੰ. ਨੰ 2 . ਵਿੱਚ ਦਰਸਾਈ ਧਾਰਾ ਦੇ ਤਹਿਤ ਹੈ):

(1) Registered the case and took up the investigation (ਕੇਸ ਦਰਜ ਕੀਤਾ ਗਿਆ ਅਤੇ ਪੜਤਾਲ ਨੂੰ ਲੈ ਲਿਆ): Amit Sandhu(I (Inspector)) / 63/PAP or (ਜਾਂ )

(2) Directed (Name of I.O.): (ਤਫਤੀਸ਼ੀ ਅਧਿਕਾਰੀ ਦਾ ਨਾਮ ): Rank (ਅਹੁਦਾ):
No(ਨੰ): to take up the Investigation (ਨੂੰ ਜਾਂਚ ਆਪ ਪਾਸ ਲੈਣ ਲਈ ਨਿਰਦੇਸ਼ ਦਿੱਤਾ ਗਿਆ) or(ਜਾਂ

(3) Refused investigation due to (ਕਿਸ ਕਾਰਨ ਕਰਕੇ ਇਨਕਾਰ ਕੀਤਾ) :

or (ਜਾਂ)

(4) Transferred to P.S. (ਥਾਣਾ): District (ਜ਼ਿਲ੍ਹਾ):

on point of jurisdiction (ਹੱਦਬੰਦੀ ਕਾਰਣ) .

F.I.R.read over to the complainant/informant,admitted to be correctly recorded and a copy given to the complainant/informant free of cost. (ਸ਼ਿਕਾਇਤਕਰਤਾ/ਸੂਚਨਾਕਰਤਾ ਨੂੰ ਪ੍ਰਾਥਮਿਕੀ ਪੜ੍ਹ ਕੇ ਸੁਣਾਈ ਗਈ ,ਸਹੀ ਦਰਜ ਹੋਇਆ ਮੰਨਿਆ ਅਤੇ ਇੱਕ ਕਾਪੀ ਮੁਫ਼ਤ ਸ਼ਿਕਾਇਤਕਰਤਾ ਨੂੰ ਦਿੱਤੀ ਗਈ ।)

R.O.A.C.(ਆਰ.ਓ .ਏ .ਸੀ.)

14. Signature/Thumb impression of the complainant / informant (ਸ਼ਿਕਾਇਤਕਰਤਾ/ਸੂਚਨਾਕਰਤਾ ਦੇ ਹਸਤਾਖ਼ਰ / ਅੰਗੂਠੇ ਦਾ ਨਿਸ਼ਾਨ):

15. Date and time of dispatch to the court (ਅਦਾਲਤ ਵਿੱਚ ਪੇਸ਼ ਕਰਨ ਦੀ ਤਰੀਕ ਅਤੇ ਸਮਾਂ):

Signature of Officer in charge, Police Station
(ਥਾਣਾ ਪ੍ਰਭਾਰੀ ਦੇ ਹਸਤਾਖ਼ਰ)

Name(ਨਾਮ):Amit Sandhu
Rank (ਅਹੁਦਾ): I (Inspector)
No(ਸੰ.): 63/PAP

Attachment to item 7 of First Information Report (ਅੱਵਲ ਸੂਚਨਾ ਰਿਪੋਰਟ ਦੇ ਮਦ 7 ਸੰਲਗਨਕ):
Physical features, deformities and other details of the suspect/accused: ( If known / seen )
(ਸ਼ੱਕੀ ਮੁਲਜ਼ਮ ਦੀ ਸਰੀਰਕ ਵਿਸ਼ੇਸ਼ਤਾ,ਵਿਕਾਰ ਅਤੇ ਹੋਰ ਵੇਰਵਾ: (ਜੇਕਰ ਵਾਕਿਫ਼/ਦੇਖਿਆ ਗਿਆ ))

| S.No. (ਲੜੀ ਨੰ.) | Sex (ਲਿੰਗ) | Date/Year of Birth (ਜਨਮ ਮਿਤੀ/ਸਾਲ) | Build (ਬਣਾਵਟ) | Height (cms.) | Complexion (ਰੰਗ) | Identification Mark(s) (ਪਛਾਣ ਚਿੰਨ੍ਹ) |
|---|---|---|---|---|---|---|
| 1 | 2 | 3 | 4 | 5 | 6 | 7 |
| 1 | Male | 22/01/1974 | | | | Poxpitted: NO |

| Deformities/ Peculiarities (ਵਿਕਾਰ / ਵਿਸ਼ੇਸ਼ਤਾ) | Teeth (ਦੰਦ) | Hair (ਵਾਲ) | Eyes (ਅੱਖਾਂ) | Habit(s) (ਆਦਤਾਂ) | Dress Habit(s) (ਪਹਿਰਾਵਾ) |
|---|---|---|---|---|---|
| 8 | 9 | 10 | 11 | 12 | 13 |
| | | | | | |

| Language /Dialect (ਭਾਸ਼ਾ/ਬੋਲੀ) | Place Of(ਦਾ ਸਥਾਨ) | | | | | Others (ਹੋਰ) |
|---|---|---|---|---|---|---|
| | Burn Mark (ਸੜੇ ਹੋਏ ਦਾ ਨਿਸ਼ਾਨ) | Leucoderma (ਚਿੱਟਾ ਰੋਗ) | Mole (ਮਹੁਕਾ) | Scar (ਜ਼ਖਮ) | Tattoo (ਗੁੱਦੇ ਹੋਏ ਦਾ) | |
| 14 | 15 | 16 | 17 | 18 | 19 | 20 |
| | | | | | | |

These fields will be entered only if complainant/informant gives any one or more particulars about the suspect/accused. (ਇਹ ਖੇਤਰ ਤਦੇ ਦਰਜ ਕੀਤੇ ਜਾਣਗੇ ਜੇਕਰ ਸ਼ਿਕਾਇਤਕਰਤਾ / ਸੂਚਨਾਕਰਤਾ ਸ਼ੱਕੀ / ਮੁਲਜ਼ਮ ਦੇ ਬਾਰੇ ਕੋਈ ਇੱਕ ਜਾਂ ਵੱਧ ਜਾਣਕਾਰੀ ਦਿੰਦਾ ਹੈ |)